## ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥

ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥

ਇਹ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ, ਤੁਖਾਰੀ ਰਾਗ ਵਿਚ ਉਚਾਰਣ ਕੀਤੇ ਤੀਜੇ ਸ਼ਬਦ ਦਾ ਤੀਜਾ ਪਦਾ ਹੈ, ਜੋ ਪੰਨਾ ੧੧੧੫ ਤੇ ਸੁਭਾਇਮਾਨ ਹੈ।

**ਅਰਥ** : ਇਨ੍ਹਾਂ ਪੰਕਤੀਆਂ ਵਿਚ, ਮਹਾਰਾਜ, ਸ੍ਰੀ ਅਕਾਲ ਪੁਰਖ ਸਾਹਿਬ ਦੀ ਵਡਿਆਈ ਗਾ ਰਹੇ ਹਨ। ਹੇ ਵਾਹਗੁਰੂ ! ਤੂੰ ਹਰੀ ਇਕ ਹੀ, ਹਰ ਥਾਂ ਤੇ, ਅਤੇ ਥਾਂ ਵਿਚ ਵੀ ਵਸ ਰਿਹਾ ਹੈਂ; ਤੂੰ ਇਕੋ ਇਕ ਹੀ ਰਵਿਆ ਹੋਇਆ ਹੈਂ, ਭਾਵ, ਵਿਆਪਕ ਹੈਂ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੪੩੮ ਤੇ, ਇਹੀ ਸਚ ਬਿਆਨ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਜਿਥੇ ਵੀ ਮੈਂ ਜਾਵਾਂ, ਉਹ ਸਚਾ ਸਿਰਜਣਹਾਰ ਵਾਹਗੁਰੂ ਹਰ ਥਾਂ ਤੇ ਹੈ - 'ਤੂੰ ਸਭਨੀ ਥਾਈ  ਜਿਥੈ ਹਉ ਜਾਈ  ਸਾਚਾ ਸਿਰਜਨਹਾਰੁ ਜੀਉ।।'

ਚੌਥੇ ਨਾਨਕ, ੧੩੧੪ ਪੰਨੇ ਤੇ ਹੀ, ਪਰਮੇਸ਼ਰ ਦੀ ਵਡਿਆਈ ਬਿਆਨ ਕਰਦੇ ਹਨ ਕਿ 'ਤੂੰ ਸਾਰੀਆਂ ਥਾਵਾਂ ਤੇ, ਅਤੇ ਥਾਵਾਂ ਦੇ ਅੰਦਰ ਵੀ, ਭਰਪੂਰ ਵਸ ਰਿਹਾ ਹੈਂ, ਹੇ ਕਰਤੇ ! ਸਾਰੀ ਸ੍ਰਿਸ਼ਟੀ ਦੀ ਬਣਤ ਤੂੰ ਹੀ ਬਣਾਈ ਹੈ - 'ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ  ਸਭ ਤੇਰੀ ਬਣਤ ਬਣਾਵਣੀ।।'

### ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ।।

**ਅਰਥ** : ਹੇ ਵਾਹਗੁਰੂ ! ਸਾਰੇ ਜੰਗਲ, ਹਰ ਤੀਲਾ, ਭਾਵ, ਸਾਰੀ ਬਨਸਪਤੀ, ਤਿੰਨੇ ਭਵਣ, ਭਾਵ, ਸਾਰੀ ਸ੍ਰਿਸ਼ਟੀ, ਮੂੰਹ ਨਾਲ ਤੇਰਾ ਹੀ ਨਾਮ, '**ਹਰਿ ਹਰਿ**' ਕਹਿ ਕੇ ਉਚਾਰ ਰਹੀ ਹੈ, ਭਾਵ, ਨਾਮ, ਦੋਹਰਾਅ ਦੋਹਰਾਅ ਕੇ ਜਪ ਰਹੀ ਹੈ।

ਇਹੀ ਅਹਿਸਾਸ, ਸ੍ਰੀ ਗੁਰੂ ਨਾਨਕ ਸਾਹਿਬ, 'ਜਪੁ' ਬਾਣੀ ਵਿਚਲੀ 'ਸੋ ਦਰੁ' ਵਾਲੀ ਪਉੜੀ ਵਿਚ ਵੀ ਕਰਵਾ ਰਹੇ ਹਨ ਕਿ ਵਾਹਗੁਰੂ ਦਾ ਕਿਹੋ ਜਿਹਾ ਦਰ ਹੈ, ਕਿਹੋ ਜਿਹਾ ਮਹਿਲ ਹੈ ਜਿਥੇ ਬੈਠ ਕੇ ਉਹ ਸਭ ਦੀ ਸਮਾਲ ਕਰ ਰਿਹਾ ਹੈ, ਭਾਵ

ਉਹ ਦਰ ਅਤੇ ਮਹਿਲ ਕਿਹੋ ਜਿਹਾ ਹੈ, ਕੋਈ ਨਹੀਂ ਦਸ ਸਕਦਾ। ਉਥੇ ਅਸੰਖਾਂ, ਭਾਵ, ਅਨੇਕ, ਗਿਣਤੀ ਤੋਂ ਬਾਹਰ, ਤਰ੍ਹਾਂ ਦੇ ਨਾਦ, ਭਾਵ ਸੰਗੀਤ ਮਈ ਧੁਨੀਆਂ, ਸਾਜ਼, ਅਨੇਕ ਤਰ੍ਹਾਂ ਦੇ ਵਜਾਉਣ ਵਾਲੇ, ਵਜਾ ਰਹੇ ਹਨ। ਕਈ ਤਰ੍ਹਾਂ ਦੇ ਰਾਗ, ਕਈ ਪਰੀਆਂ ਵਜਾ ਰਹੀਆਂ ਹਨ, ਉਨ੍ਹਾਂ ਅਨੁਸਾਰ ਗਾਉਣ ਵਾਲੇ ਵੀ ਬੇਅੰਤ ਹਨ। ਪਉਣ, ਪਾਣੀ, ਬੈਸੰਤਰ, ਧਰਮ ਰਾਜ ਆਦਿ ਸਭ, ਵਾਹਿਗੁਰੂ ਦੇ ਦੁਆਰੇ ਤੇ, ਉਸ ਦਾ ਜਸ ਗਾ ਰਹੇ ਹਨ - 'ਸੋ ਦਰੁ ਕੇਹਾ ਸੋ ਘਰੁ ਕੇਹਾ  ਜਿਤੁ ਬਹਿ ਸਰਬ ਸਮਾਲੇ।। ਵਾਜੇ ਨਾਦ ਅਨੇਕ ਅਸੰਖਾ  ਕੇਤੇ ਵਾਵਣ ਹਾਰੇ।। ਕੇਤੇ ਰਾਗ ਪਰੀ ਸਿਉ ਕਹੀਅਨਿ  ਕੇਤੇ ਗਾਵਣ ਹਾਰੇ।। ਗਾਵਹਿ ਤੁਹਨੋ  ਪਉਣੁ ਪਾਣੀ ਬੈਸੰਤਰੁ  ਗਾਵੈ ਰਾਜਾ ਧਰਮੁ ਦੁਆਰੈ।।'

ਵਾਹਗੁਰੂ ਦੇ ਸਿਮਰਣ ਦੀਆਂ ਅਨੇਕ ਤਰ੍ਹਾਂ ਦੀਆਂ ਅਵਸਥਾਵਾਂ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦਾ ਇਹ, ਉਪਰ ਦਸਿਆ ਬਿਆਨ, ਬਹੁਤ ਹੀ ਉਚੀ ਅਵੱਸਥਾ ਦਾ ਸੂਚਕ ਹੈ। ਇਸ ਨੂੰ '**ਵਣਤ੍ਰਿਣ ਜਾਪ**' ਦੀ ਅਵੱਸਥਾ ਕਹਿੰਦੇ ਹਨ। ਇਸ ਤੋਂ ਉਪਰ, ਸਿਰਫ਼ '**ਅਜੱਪਾ-ਜਾਪ**' ਦੀ ਅਵੱਸਥਾ ਹੀ ਰਹਿ ਜਾਂਦੀ ਹੈ। ਇਹ ਬਾਬਾ ਨਾਨਕ ਪਾਤਸ਼ਾਹ ਅਤੇ ਹੋਰ **ਗੁਰ-ਜੋਤਿ** ਸਰੂਪ ਮਹਾਤਮਾਵਾਂ ਦੀਆਂ ਅਵਸਥਾਵਾਂ ਹਨ। ਇਹ ਅਵਸਥਾਵਾਂ ਸਾਡੀ, ਆਮ ਵਿਅਕਤੀ ਦੀ, ਪਹੁੰਚ ਅਤੇ ਸਮਝ ਤੋਂ ਵੀ ਬਾਹਰ ਹਨ।

ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥

ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥

**ਅਰਥ** :  ਸਾਰੀ ਦੁਨੀਆਂ ਵਿਚ ਸਭ ਤੇਰਾ ਨਾਮ 'ਹਰਿ ਹਰਿ' ਕਰ ਕੇ ਧਿਆਉਂਦੇ ਹਨ, ਅਸੰਖ ਅਤੇ ਅਣਗਿਣਤ ਹਨ ਜੋ 'ਹਰਿ' ਨੂੰ ਧਿਆਉਂਦੇ ਹਨ।

ਇਥੇ 'ਹਰਿ ਹਰਿ' ਤੋਂ ਭਾਵ ਹੈ, ਕੋਈ ਉਹ ਨਾਂ, ਜੋ ਕਿਸੇ ਦੇ ਗੁਰੂ ਨੇ ਜਪਣ ਲਈ ਹੁਕਮ ਕੀਤਾ ਹੋਵੇ।

ਸਤਿਗੁਰੂ ਨਾਨਕ ਸਾਹਿਬ ਨੇ 'ਜਪੁ' ਬਾਣੀ ਵਿਚ ਫ਼ੁਰਮਾਣ ਕੀਤਾ ਹੈ ਕਿ ਉਸਨੂੰ ਧਿਆਉਣ ਵਾਲੇ, ਉਸ ਦਾ ਨਾਮ ਜਪਣ ਵਾਲੇ ਅਸੰਖ, ਭਾਵ, ਅਨੰਤ ਹਨ, ਉਸ ਨਾਲ ਪ੍ਰੇਮ ਕਰਣ ਵਾਲੇ ਵੀ ਅਸੰਖ ਹਨ, ਭਗਤ ਵੀ ਅਸੰਖ ਹਨ ਜੋ ਸਿਰਫ਼ ਉਸ ਦੇ ਗੁਣਾਂ ਦੀ ਵਿਚਾਰ ਹੀ ਕਰਦੇ ਰਹਿੰਦੇ ਹਨ, ਭਾਵ, ਸਿਮਰਣ ਹੀ ਕਰਦੇ ਰਹਿੰਦੇ ਹਨ - 'ਅਸੰਖ ਜਪ ਅਸੰਖ ਭਾਉ।।..ਅਸੰਖ ਭਗਤ ਗੁਣ ਗਿਆਨ

ਵੀਚਾਰ॥..'

**ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ॥**

**ਅਰਥ** : ਉਹ, ਹਰੀ ਦੇ ਸੰਤ, ਸਾਧੂ ਧੰਨ ਹਨ, ਧੰਨ ਹਨ, ਜੋ ਹਰੀ ਪ੍ਰਭੂ ਕਰਤੇ ਨੂੰ ਭਾਉਂਦੇ ਹਨ।

ਇਨ੍ਹਾਂ ਦੋਹਾਂ ਪੰਕਤੀਆਂ ਦਾ ਭਾਵ ਇਹ ਹੈ ਕਿ ਉਸ ਵਾਹਗੁਰੂ ਨੂੰ ਧਿਆਉਣ ਵਾਲੇ ਤਾਂ ਅਸੰਖ ਹਨ, ਪਰ ਇਹ ਜ਼ਰੂਰੀ ਨਹੀਂ ਕਿ ਸਾਰਿਆਂ ਦੀ ਘਾਲਣਾ ਥਾਇੰ ਪੈ ਜਾਵੇ। ਐਸਾ ਕੋਈ ਕੋਟਾ (quota) ਜਾਂ ਪੈਮਾਨਾ ਨਹੀਂ ਕਿ ਕਿੰਨੀ ਕਮਾਈ ਕਰਣ ਨਾਲ ਉਹ ਖ਼ੁਸ਼ ਹੋ ਜਾਂਦਾ ਹੈ। ਇਹ ਤਾਂ ਸਾਹਿਬ ਦੇ ਰੀਝਣ ਤੇ ਹੈ, ਉਸ ਦੀ ਮੌਜ ਹੈ। ਚੌਥੇ ਪਾਤਸ਼ਾਹ, ਪੰਨਾ ੫੨੭ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਪਿਆਰਾ ਪ੍ਰੀਤਮ ਪਤੀ ਤਾਂ ਇਕ ਹੀ ਹੈ, ਉਸ ਨੂੰ ਚਾਹੁਣ ਵਾਲੀਆਂ ਅਨੇਕਾਂ ਸਖੀਆਂ, ਭਾਵ, ਭਗਤ ਹਨ, ਪਰ ਜਿਹੜੀ ਸਖੀ, ਉਸ ਨੂੰ ਭਾਅ ਗਈ, ਉਹੀ ਸਖੀ ਹੀ ਪਰਵਾਨਤ (ਭਗਤ, ਸੰਤ) ਹੈ - 'ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਸਾ ਭਲੀ॥' ਕਿਉਂਕਿ ਪੰਜਵੇਂ ਪਾਤਸ਼ਾਹ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਸੰਤ, ਸਿਰਫ਼, ਉਹੀ ਹੈ ਜੋ ਵਾਹਗੁਰੂ ਨੂੰ ਭਾਅ ਗਿਆ, ਨਾਲ ਹੀ ਦਸਿਆ ਹੈ ਕਿ ਦੋਹਾਂ ਦੇ ਕੰਮ ਵੀ ਇਕ ਹੀ ਹੁੰਦੇ ਹਨ - 'ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥' ਪੰਨਾ ੮੬੭. 'ਰਹਿਰਾਸ' ਸਾਹਿਬ ਵਿਚ ਵੀ 'ਸੋ ਪੁਰਖੁ' ਸ਼ਬਦ ਵਿਚ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਉਹੀ ਭਗਤ ਭਲੇ ਹਨ, ਉਹੀ ਭਗਤ ਭਲੇ ਹਨ, ਭਾਵ, ਪਰਵਾਨਤ ਹਨ ਜੋ ਮੇਰੇ ਭਗਵੰਤ, ਪ੍ਰਭੂ ਨੂੰ ਭਾਉਂਦੇ ਹਨ - 'ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥' ਪਾਤਸ਼ਾਹ ਨੇ, ਪੰਨਾ ੩੦੬ ਤੇ ਵੀ ਬੜੇ ਹੀ ਫ਼ੈਸਲਾਕੁਨ ਸ਼ਬਦਾਂ ਵਿਚ ਫ਼ੁਰਮਾਣ ਕੀਤਾ ਹੈ ਕਿ ਤੈਨੂੰ ਤਾਂ ਸਭ (ਤੈਨੂੰ ਚਾਹੁਣ ਵਾਲੇ) ਧਿਆਉਂਦੇ ਹਨ, ਪਰ ਭਗਤੀ ਤਾਂ ਉਨ੍ਹਾਂ ਦੀ ਹੀ ਥਾਂ ਪੈਂਦੀ ਹੈ ਜੋ, ਸਾਹਿਬ ਨੂੰ ਲੋੜੀਂਦੇ ਹਨ, ਕਿਸੇ ਖ਼ਾਸ ਜ਼ਿੰਮੇਵਾਰੀ ਤੇ ਲਗਾਉਣਾ ਹੈ - 'ਤੁਧੁ ਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥' ਠੀਕ ਇਹੀ ਫ਼ੁਰਮਾਣ, ਪੰਜਵੇਂ ਪਾਤਸ਼ਾਹ ਨੇ ਵੀ ਸਾਫ਼ ਸਾਫ਼ ਸ਼ਬਦਾਂ ਵਿਚ, ਪੰਨਾ ੭੩ ਤੇ, ਕੀਤਾ ਹੈ ਕਿ ਮੈਂ, ਭਾਵ, ਗੁਰੂ ਨੇ ਸਚ ਸਥਾਪਤ ਕਰਣ ਦੀ ਧਰਮ ਦੀ ਸਾਲ (ਗੁਰਮਤਿ, ਸਿਖੀ) ਬੰਨ੍ਹੀ ਹੈ, ਪਰ ਉਸ ਵਿਚ ਭਾਲ ਭਾਲ ਕੇ, ਗੁਰ ਸਿਖਾਂ ਦੀ ਚੋਣ ਕਰਦਾ ਹੈ - 'ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥' ਭਾਵ, ਸਿਖ ਬਣਨਾ

ਇਤਨਾ ਸੌਖਾ ਨਹੀਂ, ਸਿਰ ਸੌਂਪ ਕੇ, ਜਾਂ ਜਿਵੇਂ ਗੁਰੂ ਨੂੰ ਭਾਵੇ, ਪਰਵਾਣ ਚੜ੍ਹਨਾ ਪੈਂਦਾ ਹੈ। ਇਸ ਵਿਚ ਕੋਈ, ਕਿਸੇ ਦਾ ਦਾਈਆ ਜਾਂ Claim, ਜਾਂ ਅਧਿਕਾਰ ਨਹੀਂ, 'ਦਾਵਾ ਕਾਹੂ ਕੋ ਨਹੀ..', ਇਹ ਤਾਂ ਗੁਰੂ ਨੂੰ ਭਾਉਣ ਤੇ ਹੈ। ਇਹ ਅੰਮ੍ਰਿਤ ਰੂਪੀ ਪ੍ਰੇਮ ਦਾ ਪਿਆਲਾ ਉਸ ਨੂੰ ਮਿਲਦਾ ਹੈ ਜੋ ਗੁਰੂ ਨੂੰ ਭਾਵੇ, ਜਿਵੇਂ ਕਿ ਸ਼ੇਖ ਫ਼ਰੀਦ ਜੀ ਦੇ ਸਲੋਕਾਂ ਵਿਚ, ਸਚਿਆਈ ਨੂੰ ਸਪੱਸ਼ਟ ਕਰਣ ਲਈ, ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਆਪਣੇ ਬਚਨ ਸ਼ਾਮਲ ਕੀਤੇ ਹਨ, ਕਿ ਮਨੁਖ ਆਪਣੇ ਲਗਾਇਆਂ ਬੰਦਗੀ ਵਿਚ ਨਹੀਂ ਲਗਦਾ, ਜਿਨਾਂ ਮਰਜ਼ੀ ਚਾਹ ਲਏ। ਉਨ੍ਹਾਂ ਦਾ, ਪੰਨਾ ੧੩੭੮ ਤੇ, ਫ਼ੁਰਮਾਣ ਹੈ - 'ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।। ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।।' ਇਸ ਵਿਚ ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਇਹ ਪਿਰਮ ਪਿਆਲਾ ਉਸ ਨੂੰ ਮਿਲਦਾ ਹੀ ਜੋ, ਬੰਦਗੀ ਦੀ ਘਾਲਣਾ ਕਰਦਾ ਕਰਦਾ ਆਪਣੇ ਆਪ ਨੂੰ ਮਹਿੰਦੀ ਵਾਂਙੂੰ ਪੀਸ ਕੇ ਮੁਲਾਇਮ ਬਣਾ ਲੈਂਦਾ ਹੈ। ਉਹ ਫ਼ਿਰ ਵੀ ਇਹ ਨ ਸੋਚੇ ਕਿ, ਪ੍ਰਾਪਤੀ, ਉਸ ਦੀ ਘਾਲਣਾ ਕਰ ਕੇ ਹੋਈ ਕਿਉਂਕਿ ਪਾਤਸ਼ਾਹ ਨੇ ਪਹਿਲਾਂ ਹੀ, ਪੰਨਾ ੯੪੭ ਤੇ ਅੰਕਤ ਕਰ ਦਿਤਾ ਹੈ ਕਿ ਮਹਿੰਦੀ ਵੀ ਉਸਨੇ ਹੀ ਬਣਾਇਆ ਹੈ, ਆਪੇ ਹੀ ਉਸ ਨੇ ਹੀ ਪੀਸਿਆ ਹੈ, ਘਸਿਆ ਹੈ, ਆਪੇ ਹੀ ਲਾਇਆ ਹੈ ਆਪੇ ਹੀ ਨਦਰ, ਕਿਰਪਾ ਵੀ ਕੀਤੀ ਹੈ - 'ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ।। ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ।। ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।।'

ਇਥੇ ਇਕ ਗਲ ਨੋਟ ਕਰਣ ਵਾਲੀ ਹੈ ਕਿ, ਮਨੁਖ, ਬੰਦਗੀ ਵਿਚ ਜਿੰਨੀ ਮਰਜ਼ੀ ਘਾਲਣਾ ਕਰ ਲਏ, ਆਪਣੇ ਆਪ ਨੂੰ ਮਹਿੰਦੀ ਵਾਂਙੂੰ ਪੀਸ ਕੇ ਮੁਲਾਇਮ ਕਰਣ ਵਰਗੀ, ਘਾਲਣਾ ਵੀ ਕਰ ਲਏ ਤਾਂ ਵੀ ਜੇ ਗੁਰੂ/ਪ੍ਰਭੂ ਪਤੀ, ਬਾਤ ਨਾ ਪੁਛੇ, ਮਿਹਰ ਨਾ ਕਰੇ ਤਾਂ ਸਾਰੀ ਘਾਲਣਾ, ਧਰੀ ਰਹਿ ਜਾਂਦੀ ਹੈ, ਜਿਵੇਂ ਭਗਤ ਕਬੀਰ ਜੀ ਦੀ, ੯੪੭ ਪੰਨੇ ਤੇ, ਬਹੁਤ ਹੀ ਸਪੱਸ਼ਟ ਗਵਾਹੀ ਹੈ - 'ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ।। ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ।।'

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੯੩੬ ਤੇ, ਫ਼ੁਰਮਾਣ ਕੀਤਾ ਹੈ ਕਿ ਇਹ ਵਡਿਆਈ ਤਾਂ ਸਚੇ ਪ੍ਰੀਤਮ ਹਥ ਹੈ, ਜਿਹੜਾ ਉਸ ਨੂੰ ਭਾਉਂਦਾ ਹੈ, ਉਸ ਨੂੰ ਦਿੰਦਾ ਹੈ - 'ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ।।' ਸ੍ਰੀ ਗੁਰੂ ਅਮਰਦਾਸ ਜੀ ਵੀ ਇਹੀ ਲਫ਼ਜ਼ ਵਰਤੇ ਹਨ ਕਿ ਦਾਤੇ ਨੇ ਇਹ ਦਾਤ ਆਪਣੇ

ਹਥ ਰਖੀ ਹੈ, ਉਸ ਦੀ ਰਜ਼ਾ ਹੈ, ਜਿਸ ਨੂੰ ਦੇ ਦਏ - 'ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ।।' ਸੋ, ਇਹ ਸਪੱਸ਼ਟ ਹੈ ਕਿ ਉਹੀ ਸੰਤ ਜਾਂ ਸਾਧੂ ਹੈ ਜੋ ਕਰਤੇ ਨੂੰ ਭਾਅ ਗਿਆ। ਆਪਣੀ ਵੇਸਭੂਸ਼ਾ ਬਦਲ ਲੈਣ ਨਾਲ ਜਾਂ ਡੇਰਾ ਖੋਲ ਕੇ ਦੁਨੀਆਂ ਨੂੰ ਭਰਮਾਉਣ ਨਾਲ ਨਹੀਂ। ਕੋਈ ਆਪਣੇ ਆਪ ਨੂੰ ਸ੍ਵੈਘੋਸ਼ਿਤ ਕਰਕੇ ਸੰਤ ਨਹੀਂ ਹੋ ਜਾਂਦਾ।

ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥੩॥

**ਅਰਥ** : 'ਕਰਤਾ' ਨੂੰ ਬੇਨਤੀ ਹੈ ਕਿ ਜਿਸਦੇ ਹਿਰਦੇ ਵਿਚ ਤੂੰ ਆਪਣਾ, ਹਰੀ ਦਾ ਨਾਮ ਸਦਾ ਜਪਾਇਆ ਤੇ ਵਸਾਇਆ ਹੈ, ਉਸ ਸੰਤ, ਸਾਧੂ, ਮਹਾਂਪੁਰਖ ਦਾ ਸਫ਼ਲ ਦਰਸ਼ਨ ਬਖ਼ਸ਼।

ਪੰਚਮ ਪਾਤਸ਼ਾਹ, ਪੰਨਾ ੧੩੦ ਤੇ, ਬਚਨ ਕਰਦੇ ਹਨ ਕਿ ਮੈਂ ਕੁਰਬਾਨ ਹਾਂ ਉਨ੍ਹਾਂ ਮਨੁਖਾਂ ਤੋਂ, ਜੋ ਇਸ ਕਲਿਜੁਗ ਵਰਗੇ ਭਿਆਨਕ ਸਮੇਂ ਵਿਚ ਵੀ ਪ੍ਰਭੂ ਦਾ ਨਾਮ ਜਪ ਕੇ, ਹੋਰਾਂ ਨੂੰ ਵੀ ਜਪਣ ਲਈ ਸੁਣਾ ਕੇ ਪ੍ਰੇਰਣਾ ਦੇ ਰਹੇ ਹਨ। ਉਹ ਸੰਤ ਪਿਆਰੇ ਹਨ ਜਿਨ੍ਹਾਂ ਨੇ ਪਰਮੇਸ਼ਰ ਨੂੰ ਧਾਰਣ ਕੀਤਾ ਹੋਇਆ ਹੈ, ਅਜਿਹੇ ਸੰਤਾਂ ਦੇ ਦਰਸ਼ਨ, ਵਡੇ ਭਾਗਾਂ ਨਾਲ ਹੁੰਦੇ ਹਨ - 'ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ।। ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ।।' ਪੰਨਾ ੧੩੪ ਤੇ, ਬਚਨ ਹਨ ਕਿ ਜਿਸ ਦਾ, ਸਾਧੂ ਨਾਲ ਪੂਰਣ ਮਿਲਾਪ ਹੋ ਜਾਏ, ਉਹ ਪ੍ਰਭੂ ਦੀ ਦਰਗਾਹ ਵਿਚ ਸੁਰਖ਼ਰੂ ਹੋ ਜਾਂਦੇ ਹਨ, ਇਸ ਲਈ, ਹੇ ਪ੍ਰਭੂ ! ਸਾਡੇ ਤੇ ਵੀ ਕਿਰਪਾ ਕਰ, ਕਿ, ਸਾਡਾ ਵੀ ਸਾਧੂ ਨਾਲ ਮਿਲਾਪ ਹੋ ਜਾਏ, ਤਾਂ ਕਿ ਸਾਨੂੰ ਵੀ ਤੇਰੇ ਦਰਸ਼ਨਾਂ ਦੀ ਪਿਆਸ ਲਗ ਜਾਏ - 'ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।। ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ।।'

ਮਹਾਰਾਜ ਨੇ, ਪੰਨਾ ੩੯੩ ਤੇ ਬੇਨਤੀ ਰੂਪ ਵਿਚ ਫ਼ੁਰਮਾਣ ਕੀਤਾ ਹੈ ਕਿ ਸਾਧੂ ਦੀ ਸੰਗਤਿ ਅਤਿਅੰਤ ਪਵਿਤਰ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਨਾਲ ਪੂਰਨ ਮਿਲਾਪ ਹੋ ਜਾਣ ਨਾਲ, ਪ੍ਰਭੂ ਦਾ ਰੰਗ ਲਗ ਜਾਂਦਾ ਹੈ। ਉਨ੍ਹਾਂ ਦਾ ਅਸਥਾਨ, ਮੈਲ ਰਹਿਤ, ਭਾਵ, ਪਵਿਤਰ ਹੁੰਦਾ ਹੈ ਕਿਉਂਕਿ ਉਥੇ ਹਮੇਸ਼ਾਂ, ਹਰੀ ਦਾ ਨਾਮ ਹੀ ਚਲਦਾ ਹੈ। ਮੇਰੀ, ਅਠੇ ਪਹਿਰ, ਹਥ ਜੋੜ ਕੇ ਪ੍ਰਭੂ ਨੂੰ ਬੇਨਤੀ ਹੈ ਕਿ ਮੈਨੂੰ ਅਜਿਹੇ ਸਾਧਾਂ ਦਾ ਦਰਸ਼ਨ ਮਿਲ ਪਏ। ਮੈਨੂੰ, ਗਰੀਬ ਨੂੰ ਵੀ ਆਪਣੇ ਨਾਲ

ਰਲਾ ਲਉ, ਮੈਂ ਤੁਹਾਡੀ ਸ਼ਰਣ ਪਿਆ ਹਾਂ - 'ਮਹਾ ਪਵਿਤ੍ਰ ਸਾਧ ਕਾ ਸੰਗੁ।। ਜਿਸੁ ਭੇਟਤ ਲਾਗੈ ਪ੍ਰਭ ਰੰਗ।।..ਮਹਾ ਪੁਨੀਤ ਜਾ ਕਾ ਨਿਰਮਲ ਥਾਨੁ।। ਸਾਧ ਸੰਗਤਿ ਜਾ ਕੈ ਹਰਿ ਹਰਿ ਨਾਮੁ।।..ਆਠ ਪਹਰ ਕਰ ਜੋੜਿ ਧਿਆਵਉ।। ਉਨ ਸਾਧਾ ਕਾ ਦਰਸਨੁ ਪਾਵਉ।। ਮੋਹਿ ਗਰੀਬ ਕਉ ਲੇਹੁ ਰਲਾਇ।। ਨਾਨਕ ਆਇ ਪਏ ਸਰਣਾਇ।।'

**ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ।।**

**ਅਰਥ** : ਅਖੀਰ ਤੇ, ਫ਼ਿਰ, ਪਹਿਲੀ ਪੰਕਤੀ ਦੁਹਰਾਈ ਗਈ ਹੈ। ਉਸੇ ਤਰ੍ਹਾਂ ਹੀ ਵਾਹਗੁਰੂ ਦੀ ਸਿਫ਼ਤ ਕੀਤੀ ਹੈ। 'ਹੇ ਵਾਹਗੁਰੂ ! ਤੂੰ ਹਰੀ ਇਕ ਹੀ, ਹਰ ਥਾਂ ਤੇ ਵਸ ਰਿਹਾ ਹੈਂ; ਤੂੰ ਇਕੋ ਇਕ ਹੀ ਸਭ ਥਾਈਂ ਅਤੇ ਥਾਂ ਵਿਚ ਵੀ ਰਵਿਆ ਹੋਇਆ ਹੈਂ, ਵਸਿਆ ਹੋਇਆ ਹੈਂ, ਭਾਵ, ਵਿਆਪਕ ਹੈਂ।'



29.9.2020